ਅੱਪ੍ਰੇਸ਼ਨਸ-ਮੈਨੇਜਮੈਂਟ ਬਾਰੇ ਡਿਵੀਜ਼ਨ
Division of Operations Management

ਯਾਦ-ਪੱਤਰ OM 11-62 7 ਜੂਨ, 2011

ਲਈ: ਸਾਰੇ ਇਲਾਕਾਈ ਡਾਇਰੈਕਟਰ, ਅੱਫ਼ਿਸਰ-ਇੰਚਾਰਜ ਅਤੇ ਰੈਜ਼ੀਡੈਂਟ ਅਫ਼ਸਰ,

ਤੋਂ/ਵਲੋਂ: ਰਿਚਰਡ ਏ. ਸੀਗਲ (Richard A. Siegel), ਸਹਾਇਕ ਜਨਰਲ ਕੌਂਸਲ

ਵਿਸ਼ਾ: ਇਮੀਗ੍ਰੇਸ਼ਨ ਦੇ ਦਰਜੇ ਨਾਲ ਨਜਿੱਠਣ ਲਈ ਅਪਡੇਟ ਕੀਤੇ ਗਏ ਅਮਲ
NLRB ਦੀਆਂ ਅਦਾਲਤੀ-ਕਾਰਵਾਈਆਂ ਦੌਰਾਨ ਸਾਹਮਣੇ ਆਏ ਮੁੱਦੇ

ਇਹ ਯਾਦ-ਪੱਤਰ ਇਮੀਗ੍ਰੇਸ਼ਨ ਦੇ ਦਰਜੇ ਸਬੰਧੀ ਮੁੱਦਿਆਂ ਬਾਰੇ ਸੰਖੇਪ ਜਾਣ-ਪਛਾਣ ਕਰਾਉਂਦਾ ਹੈ ਅਤੇ NLRB ਪੜਤਾਲਾਂ ਅਤੇ ਅਦਾਲਤੀ-ਕਾਰਵਾਈਆਂ ਦੌਰਾਨ ਇਹੋ ਜਿਹੇ ਮੁੱਦਿਆਂ ਨੂੰ ਕਿਵੇਂ ਸੁਲਝਾਉਣਾ ਚਾਹੀਦਾ ਹੈ, ਬਾਰੇ ਅਪਡੇਟ ਵੀ ਦਿੰਦਾ ਹੈ। NLRA ਇਮੀਗ੍ਰੇਸ਼ਨ ਸਥਿਤੀ ਦੇ ਦਰਜੇ ਨੂੰ ਧਿਆਨ ਵਿੱਚ ਰੱਖੇ ਬਿਨਾ ਕਾਨੂੰਨ ਦੇ ਘੇਰੇ ਹੇਠ ਆਉਣ ਵਾਲੇ ਸਾਰੇ ਮੁਲਾਜ਼ਮਾਂ ਦੀ ਰਾਖੀ ਕਰਦਾ ਹੈ;[1] ਹਾਲਾਂਕਿ, ਇਮੀਗ੍ਰੇਸ਼ਨ ਦੇ ਦਰਜੇ ਸਬੰਧੀ ਮੁੱਦੇ ਉਪਾਅ 'ਤੇ ਅਸਰ ਪਾ ਸਕਦੇ ਹਨ ਅਤੇ ਕਾਨੂੰਨ ਲਾਗੂ ਕਰਨ ਲਈ ਕਦੀ-ਕਦਾਈਂ ਹੋਰ ਵਿਹਾਰਕ ਮੁਸ਼ਕਿਲਾਂ ਖੜ੍ਹੀਆਂ ਕਰ ਸਕਦੇ ਹਨ। GC 02-06 ਦੀ ਵਿਆਖਿਆ ਕਰਦਿਆਂ, NLRB ਕੇਸ ਨਾਲ ਨਜਿੱਠਣ ਦੌਰਾਨ ਸਾਹਮਣੇ ਆਉਣ ਵਾਲੇ ਇਮੀਗ੍ਰੇਸ਼ਨ ਦੇ ਦਰਜੇ ਸਬੰਧੀ ਮੁੱਦਿਆਂ ਵੇਲੇ, ਇਹ ਯਾਦ-ਪੱਤਰ ਅਦਾਲਤੀ-ਕਾਰਵਾਈ ਲਈ ਹੋਰ ਸੇਧ ਮੁਹੱਈਆ ਕਰਦਾ ਹੈ। ਇਹ ਅਜਿਹੀਆਂ ਇਮੀਗ੍ਰੇਸ਼ਨ ਏਜੰਸੀਆਂ ਦੀ ਵੀ ਪਛਾਣ ਕਰਦਾ ਹੈ, ਜਿਹਨਾਂ ਨੂੰ ਬੋਰਡ ਦੀਆਂ ਕਾਰਵਾਈਆਂ ਵਿੱਚ ਵਿਤਕਰਾ ਹੋਣ ਵਾਲੇ (discriminatees) ਜਾਂ ਗੁਆਹਾਂ ਲਈ ਇਮੀਗ੍ਰੇਸ਼ਨ ਬਾਰੇ ਉਪਾਅ ਅਤੇ ਹੋਰ ਮਦਦ ਕਰਨ ਦਾ ਅਖ਼ਤਿਆਰ ਹੈ। ਜਦੋਂ ਵੀ ਅਜਿਹੇ ਮੁੱਦੇ ਸਾਹਮਣੇ ਆਉਂਦੇ ਹਨ, ਜਿਹਨਾਂ ਬਾਰੇ ਅੱਗੇ ਹੇਠਾਂ ਦੱਸਿਆ ਗਿਆ ਹੈ, ਅਨੁਸਾਰ ਅਜਿਹੀਆਂ ਇਮੀਗ੍ਰੇਸ਼ਨ ਏਜੰਸੀਆਂ ਤੋਂ ਮਦਦ ਦੀ ਲੋੜ ਪੈ ਸਕਦੀ ਹੈ, ਤਾਂ ਇਲਾਕਿਆਂ (Regions) ਨੂੰ ਅੱਪ੍ਰੇਸ਼ਨਸ-ਮੈਨੇਜਮੈਂਟ ਬਾਰੇ ਡਿਵੀਜ਼ਨ ਵਿੱਚ DAGC ਪੀਟਰ ਸੁੰਗ ਓਹਰ (Peter Sung Ohr) ਨਾਲ ਸੰਪਰਕ ਕਰਨਾ ਚਾਹੀਦਾ ਹੈ।

## A. ਪਿਛੋਕੜ

### 1. ਇਮੀਗ੍ਰੇਸ਼ਨ ਬਾਰੇ ਏਜੰਸੀਆਂ

2002 ਵਿੱਚ ਡਿਪਾਰਟਮੈਂਟ ਅੱਫ਼ ਹੋਮਲੈਂਡ ਸਿਕਿਓਰਿਟੀ ("DHS") ਦੀ ਸੰਸਥਾ ਤੋਂ ਬਾਅਦ, ਇਮੀਗ੍ਰੇਸ਼ਨ ਸਬੰਧੀ ਮੁੱਦਿਆਂ ਲਈ ਮੁੱਖ ਜ਼ਿੰਮੇਵਾਰੀ DHS ਵਿਚਲੀਆਂ ਤਿੰਨ ਏਜੰਸੀਆਂ ਵਿੱਚ ਵੰਡੀ ਗਈ ਹੈ:

- ਯੂਨਾਈਟਿਡ ਸਟੇਟਸ ਦੀਆਂ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਬਾਰੇ ਸੇਵਾਵਾਂ ("**USCIS**") ਵੀਜ਼ੇ ਵਰਗੇ ਫ਼ੈਸਲੇ ਕਰਨ ਵਾਲੇ ਇਮੀਗ੍ਰੇਸ਼ਨ ਲਾਭਾਂ ਲਈ ਜ਼ਿੰਮੇਵਾਰ ਹਨ;
- ਇਮੀਗ੍ਰੇਸ਼ਨ ਅਤੇ ਕਸਟਮਸ ਐਨਫ਼ੋਰਸਮੈਂਟ ("**ICE**") ਇਮੀਗ੍ਰੇਸ਼ਨ ਦੀ ਉਲੰਘਣਾ ਦੀ ਜਾਂਚ ਕਰਦੀ ਹੈ ਅਤੇ ਕਾਨੂੰਨ ਲਾਗੂ ਕਰਦੀ ਹੈ, ਇਸ ਵਿੱਚ ਨਿਆ ਵਿਭਾਗ ਵਿਚਲੇ ਇਮੀਗ੍ਰੇਸ਼ਨ ਬਾਰੇ ਜੱਜਾਂ ਸਾਹਮਣੇ ਹਟਾਉਣ ਸਬੰਧੀ ਕਾਰਵਾਈਆਂ ਬਾਰੇ ਮੁਕੱਦਮਾ ਪੇਸ਼ ਕਰਨਾ ਵੀ ਸ਼ਾਮਿਲ ਹੁੰਦਾ ਹੈ;
- ਕਸਟਮਸ ਅਤੇ ਬਾੱਰਡਰ ਪੈਟ੍ਰੋਲ ("**CBP**") ਕੁਦਰਤੀ ਸਰਹੱਦਾਂ ਅਤੇ ਦੇਸ਼ ਵਿੱਚ ਦਾਖ਼ਲ ਹੋਣ ਦੀਆਂ ਥਾਵਾਂ ਦੀ ਰਾਖੀ ਕਰਨ ਲਈ ਜ਼ਿੰਮੇਵਾਰ ਹੈ।

ਕਾਨੂੰਨ ਦੀਆਂ ਹੱਦਾਂ ਦੇ ਅੰਦਰ USCIS, ICE ਅਤੇ CBP ਨੂੰ ਇਹ ਫ਼ੈਸਲਾ ਕਰਨ ਦਾ ਵੀ ਅਖ਼ਤਿਆਰ ਹੈ ਕਿ ਉਹਨਾਂ ਦੇ ਸਬੰਧਿਤ ਅਧਿਕਾਰ-ਖੇਤਰ ਵਿੱਚ ਆਉਣ ਵਾਲੇ ਹਰ ਇੱਕ ਖ਼ਾਸ ਕੇਸ ਬਾਰੇ ਕਾਨੂੰਨ ਨੂੰ ਕੀ ਕਰਨਾ ਚਾਹੀਦਾ ਹੈ, ਇਸ ਨੂੰ ਕਦੋਂ ਅਤੇ ਕਿਵੇਂ ਲਾਗੂ ਕਰਨਾ ਹੈ। ਰੈਨੋ (Reno) ਬਨਾਮ ਅਮਰੀਕਨ-ਅਰਬ ਪੱਖਪਾਤ-ਵਿਰੋਧੀ ਕਮੇਟੀ (American-Arab Anti-Discrimination Comm.), 525 U.S. 471, 483-87 (1999) ਵੇਖੋ, ਵਿੱਚ

---

[1] ਸ਼ਿਓਰ-ਟੈਨ (Sure-Tan), ਇੰਕ. ਬਨਾਮ NLRB, 467 U.S. 883 (1984); ਹੋੱਫ਼ਮੈਨ ਪਲਾਸਟਿਕ ਕੰਪਾਉਂਡਸ, ਇੰਕ. ਬਨਾਮ NLRB, 535 U.S. 137, 152 (2002) (ਪੱਕੇ ਤੌਰ 'ਤੇ ਇਸ ਸਿਧਾਂਤ ਦੀ ਪੁਸ਼ਟੀ ਕਰਨਾ, ਹਾਲਾਂਕਿ ਇਮੀਗ੍ਰੇਸ਼ਨ ਕਾਨੂੰਨ ਨਾਲ ਵਿਵਾਦ ਤੋਂ ਬਚਣ ਲਈ ਉਪਾਅ ਸੀਮਤ ਕਰਨੇ) ਵੇਖੋ।

ਆਪਣੇ ਅਖ਼ਤਿਆਰ ਦੀ ਵਰਤੋਂ ਕਰਦਿਆਂ, ਇਮੀਗ੍ਰੇਸ਼ਨ ਏਜੰਸੀਆਂ ਹੋਰਨਾਂ ਗੱਲਾਂ ਦੇ ਨਾਲ ਹੀ, "[ਵਿਅਕਤੀ ਵਲੋਂ [ਮੌ]ਜੂਦਾ ਜਾਂ ਪਿਛਲੀ ਮਿਲਵਰਤਨ] ਬਾਰੇ ਵਿਚਾਰ ਕਰਨਗੀਆਂ . . . ਹੋਰਨਾਂ ਦੇ ਨਾਲ U.S. ਅਟਾੱਰਨੀ, ਕਿਰਤ ਵਿਭਾਗ ਜਾਂ ਰਾਸ਼ਟਰੀ ਸਿਹਤ ਸਬੰਧਾਂ ਬਾਰੇ ਬੋਰਡ ਵਰਗੀਆਂ ਕਾਨੂੰਨੀ ਐਨਫ਼ੋਰਸਮੈਂਟ ਅਥਾੱਰਿਟੀਆਂ।" ਯਾਦ-ਪੱਤਰ, "ਪੈਰਵੀ ਕਰਨ ਸਬੰਧੀ ਅਖ਼ਤਿਆਰ ਦੀ ਵਰਤੋਂ ਕਰਨਾ", ਇਮੀਗ੍ਰੇਸ਼ਨ ਅਤੇ ਨਾਗਰਿਕ ਬਣਾਉਣ ਦੀਆਂ ਸੇਵਾਵਾਂ ਬਾਰੇ ਕਮਿਸ਼ਨਰ (Commissioner of Immigration and Naturalization Services) ਡੋਰਿਸ ਮੀਸਨਰ (Doris Meissner), ਪੰਨਾ 8 (17 ਨਵੰਬਰ, 2000); ਯਾਦ-ਪੱਤਰ, "ਸਿਵਿਲ ਇਮੀਗ੍ਰੇਸ਼ਨ ਐਨਫ਼ੋਰਸਮੈਂਟ ਵੀ ਵੇਖੋ: ਵਿਦੇਸ਼ੀਆਂ ਦੀ ਗਿਰਫ਼ਤਾਰੀ, ਨਜ਼ਰਬੰਦੀ ਅਤੇ ਬਰਤਰਫ਼ੀ ਲਈ ਤਰਜੀਹਾਂ," ਇਮੀਗ੍ਰੇਸ਼ਨ ਅਤੇ ਕਸਟਮਸ ਬਾਰੇ ਸਹਾਇਕ ਸਕੱਤਰ ਜੌਹਨ ਮੋਰਟਨ (John Morton) ਪੰਨਾ 4 (30 ਜੂਨ, 2010); OM ਯਾਦ-ਪੱਤਰ 97-11 "U.S. ਨਿਆ ਵਿਭਾਗ ਦੀ ਇਮੀਗ੍ਰੇਸ਼ਨ ਅਤੇ ਨਾਗਰਿਕ ਬਣਾਉਣ ਦੀ ਸੇਵਾ ਬਾਰੇ ਕਮਿਸ਼ਨਰ (INS) ਨਾਲ ਸਬੰਧ" (14 ਫ਼ਰਵਰੀ, 1997)।

### 2. ਇਮੀਗ੍ਰੇਸ਼ਨ ਦਾ ਦਰਜਾ

ਗ਼ੈਰਨਾਗਰਿਕ[2] ਵੀਜ਼ੇ ਦੇ ਕਾਨੂੰਨੀ ਦਰਜੇ ਦੀਆਂ ਦੋ ਆਮ ਸ਼੍ਰੇਣੀਆਂ ਵਿੱਚੋਂ ਇੱਕ ਰੱਖ ਸਕਦੇ ਹਨ:

- **ਪ੍ਰਵਾਸੀ ਵੀਜ਼ੇ** ਨਾਲ ਕਾਨੂੰਨੀ ਤੌਰ 'ਤੇ ਪੱਕੇ ਵਸਨੀਕ ਦਾ ਦਰਜਾ ਮਿਲਦਾ ਹੈ, ਆਮ ਬੋਲਚਾਲ ਵਿੱਚ ਇਸ ਨੂੰ "ਗ੍ਰੀਨ ਕਾਰਡ" ਕਿਹਾ ਜਾਂਦਾ ਹੈ। ਆਮ ਤੌਰ 'ਤੇ ਪੱਕੇ ਕਾਨੂੰਨੀ ਵਸਨੀਕਾਂ ਨੂੰ ਕੰਮ ਕਰਨ ਦਾ ਅਖ਼ਤਿਆਰ ਹੁੰਦਾ ਹੈ। ਇਸ ਦਰਜੇ ਦੀ ਮਿਆਦ ਕਦੀ ਰੱਦ ਨਹੀਂ ਹੁੰਦੀ, ਪਰ ਕਈ ਤਰ੍ਹਾਂ ਦੀਆਂ ਸਥਿਤੀਆਂ ਵਿੱਚ ਖ਼ਤਮ ਕੀਤੀ ਜਾ ਸਕਦੀ ਹੈ, ਇਸ ਵਿੱਚ ਕੁਝ ਮੁਜਰਮਾਨਾ ਸਜ਼ਾਵਾਂ ਸ਼ਾਮਿਲ ਹਨ।
- **ਗ਼ੈਰਪ੍ਰਵਾਸੀ ਵੀਜ਼ੇ** ਆਰਜ਼ੀ ਹਨ ਅਤੇ ਦੱਸੀ ਗਈ ਖ਼ਾਸ ਮਿਆਦ ਦੇ ਅੰਦਰ ਖ਼ਤਮ ਹੋ ਜਾਣਗੇ। ਗ਼ੈਰਪ੍ਰਵਾਸੀ ਵੀਜ਼ੇ ਕਈ ਤਰ੍ਹਾਂ ਦੇ ਹੁੰਦੇ ਹਨ, ਜਿਹਨਾਂ ਦੇ ਨਾਂ ਅਕਸਰ ਇਮੀਗ੍ਰੇਸ਼ਨ ਅਤੇ ਕੌਮੀਅਤ ਬਾਰੇ ਕਾਨੂੰਨ ("INA") ਵਿਚਲੇ ਕਾਨੂੰਨੀ ਉਪ-ਸੈਕਸ਼ਨ ਤੋਂ ਬਾਅਦ ਰੱਖੇ ਜਾਂਦੇ ਹਨ, ਜਿਸ ਨਾਲ ਹਰ ਵੀਜ਼ੇ ਦੀ ਕਿਸਮ ਖ਼ਾਸ ਹੋ ਜਾਂਦੀ ਹੈ। INA, ਪਬਲੀਕੇਸ਼ਨ L. 82-414, ਸੋਧੇ ਗਏ ਅਨੁਸਾਰ 8 U.S.C. § 1101 ਅਤੇ ਉਸ (ਪੰਨੇ ਜਾਂ ਸ਼ਬਦ) ਤੋਂ ਅੱਗੇ ਵੇਖੋ। ਉਦਾਹਰਣ ਲਈ, INA § 101(a)(15)(H)(ii)(b) ਵਲੋਂ ਪ੍ਰਬੰਧ ਕੀਤੇ ਜਾਂਦੇ "H-2B ਵੀਜ਼ੇ" ਨੂੰ ਵਰਕਰ ਦਾ ਆਰਜ਼ੀ ਵੀਜ਼ਾ ਕਿਹਾ ਜਾਂਦਾ ਹੈ (ਹੇਠਾਂ ਵੇਖੋ)। ਗ਼ੈਰਪ੍ਰਵਾਸੀ ਵੀਜ਼ਿਆਂ ਵਿੱਚ ਕੰਮ ਦੇ ਅਖ਼ਤਿਆਰਨਾਮੇ ਦਾ ਦਾਇਰਾ ਅਤੇ ਕਿਸਮ ਕਾਫ਼ੀ ਵੱਖਰੀ ਹੁੰਦੀ ਹੈ:
  - ਇਸ ਵਿੱਚ ਬਹੁਤ ਸਾਰੇ ਆਮ ਗ਼ੈਰਪ੍ਰਵਾਸੀ ਵੀਜ਼ਿਆਂ ਦੀਆਂ ਕਈ ਕਿਸਮਾਂ ਰਾਹੀਂ **ਕੰਮ ਦਾ ਕੋਈ ਅਖ਼ਤਿਆਰ ਨਹੀਂ** ਦਿੱਤਾ ਜਾਂਦਾ, ਇਸ ਵਿੱਚ ਕਾਰੋਬਾਰ ਲਈ B-1 ਵੀਜ਼ਾ, ਸੈਲਾਨੀਆਂ ਲਈ B-2 ਵੀਜ਼ਾ ਅਤੇ ਵੀਜ਼ਾ ਛੋਟ ਪ੍ਰੋਗ੍ਰਾਮ ਦੇ ਘੇਰੇ ਹੇਠ ਆਉਣ ਵਾਲਿਆਂ (ਉਦਾਹਰਣ ਲਈ, ਜਪਾਨ, ਚੈਕ ਗਣਰਾਜ, ਇਟਲੀ, ਇੰਗਲੈਂਡ ਆਦਿ ਤੋਂ ਸੈਲਾਨੀਆਂ) ਲਈ ਥੋੜ੍ਹੇ ਸਮੇਂ ਦਾ ਵੀਜ਼ਾ ਸ਼ਾਮਿਲ ਹੈ।
  - ਕਈ ਵੀਜ਼ਿਆਂ ਰਾਹੀਂ **ਕੰਮ ਦਾ ਸੀਮਤ ਅਖ਼ਤਿਆਰ** ਦਿੱਤਾ ਜਾਂਦਾ ਹੈ, ਖ਼ਾਸ ਤੌਰ 'ਤੇ, ਜੋ ਕੰਮ (ਪਰਿਵਾਰ ਜਾਂ ਪਨਾਹ ਲੈਣ ਦੀ ਥਾਂ) ਰਾਹੀਂ ਹਾਸਿਲ ਕੀਤੇ ਜਾਂਦੇ ਹਨ। ਅਜਿਹੇ ਕੰਮ ਦਾ ਅਖ਼ਤਿਆਰ ਇੱਕ ਖ਼ਾਸ ਨੌਕਰੀਦਾਤਾ ਤੱਕ ਹੀ ਸੀਮਤ ਹੈ; ਅਸਲ ਵਿੱਚ, ਰੋਜ਼ਗਾਰ ਨਾਲ ਸਬੰਧ ਖ਼ਤਮ ਹੁੰਦਿਆਂ ਹੀ, ਇਹ ਵੀਜ਼ਾ ਆਪਣੇ ਆਪ ਰੱਦ ਹੋ ਜਾਂਦਾ ਹੈ ਅਤੇ ਕਾਨੂੰਨ ਹੇਠ ਸਾਬਕਾ ਮੁਲਾਜ਼ਮ ਨੂੰ ਦੇਸ਼ ਛੱਡਣਾ ਪੈਂਦਾ ਹੈ। ਇਸ ਕਿਸਮ ਦੇ ਵੀਜ਼ਿਆਂ ਵਿੱਚ ਪੇਸ਼ੇਵਰਾਂ ਲਈ H-1 ਵੀਜ਼ਾ, ਗ਼ੈਰ-ਪੇਸ਼ੇਵਰਾਂ ਲਈ H-2B ਵੀਜ਼ਾ ਅਤੇ ਕੰਪਨੀ ਵਿਚਕਾਰ ਟ੍ਰਾਂਸਫ਼ਰ ਕੀਤੇ ਜਾਣ ਵਾਲਿਆਂ ਲਈ L ਵੀਜ਼ੇ ਸ਼ਾਮਿਲ ਹਨ।
  - **ਕੰਮ ਦਾ ਵਿਆਪਕ ਅਖ਼ਤਿਆਰ**, ਇਸ ਨਾਲ ਕਿਸੇ ਵੀ ਨੌਕਰੀਦਾਤਾ ਲਈ ਕੰਮ ਕਰਨ ਦੀ ਮੰਜ਼ੂਰੀ ਮਿਲਦੀ ਹੈ, ਵਿਦਿਆਰਥੀਆਂ ਦੇ ਕੁਝ ਵੀਜ਼ਿਆਂ ਵਿੱਚ ਮਿਆਦ ਦੇ ਹਿੱਸੇ K-1 ਮੰਗੇਤਰ ਵੀਜ਼ਾ ਅਤੇ T, U ਅਤੇ S,[3] ਕਾਨੂੰਨ ਲਾਗੂ ਕਰਨ ਵਾਲੇ ਵੀਜ਼ੇ (ਹੋਰ ਪੂਰਾ ਵੇਰਵਾ ਹੇਠਾਂ ਦਿੱਤਾ ਗਿਆ ਹੈ) ਸ਼ਾਮਿਲ ਹਨ।

---

[2] "ਯੂਨਾਈਟਿਡ ਸਟੇਟਸ ਵਿੱਚ ਪੈਦਾ ਹੋਏ ਜਾਂ ਨਾਗਰਿਕ ਬਣੇ ਸਾਰੇ ਵਿਅਕਤੀ" ਚੌਦ੍ਹਵੀਂ ਸੋਧ ਹੇਠ ਆਉਣ ਵਾਲੇ ਨਾਗਰਿਕ ਹਨ। ਯੂਨਾਈਟਿਡ ਸਟੇਟਸ ਵਿੱਚ ਕੰਮ ਕਰਦਿਆਂ, ਨਾਗਰਿਕਾਂ ਨੂੰ ਆਮ ਤੌਰ 'ਤੇ ਇਮੀਗ੍ਰੇਸ਼ਨ ਦੇ ਦਰਜੇ ਸਬੰਧੀ ਮੁੱਦਿਆਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

[3] ਆਰਜ਼ੀ ਪ੍ਰੋਗ੍ਰਾਮ ਵਜੋਂ, ਇਹ S ਵੀਜ਼ਾ 1994 ਵਿੱਚ ਹੋਂਦ ਵਿੱਚ ਆਇਆ ਸੀ ਅਤੇ 2001 ਵਿੱਚ ਇਸ ਨੂੰ ਪੱਕਾ ਕੀਤਾ ਗਿਆ ਸੀ, ਜਿਸ ਦੀ ਸਰਟੀਫ਼ੇਸ਼ਨ ਅਟਾੱਰਨੀ ਜਨਰਲ ਤੋਂ ਕਰਾਉਣੀ ਪੈਂਦੀ ਹੈ ਅਤੇ ਹਰ ਸਾਲ 200 ਵੀਜ਼ੇ ਹੀ ਦਿੱਤੇ ਜਾਂਦੇ ਹਨ। ਉਹ ਸਿਰਫ਼ ਮੁਜਰਮਾਨਾ ਸੰਸਥਾਵਾਂ ਜਾਂ ਉੱਦਮਾਂ ਖ਼ਿਲਾਫ਼ ਜਾਣਕਾਰੀ ਦੇਣ ਵਾਲਿਆਂ ਲਈ ਉਪਲਬਧ ਹਨ। 8 U.S.C. § 1101(a)(15)(S)(i)। ਦਹਿਸ਼ਤਗਰਦ ਜੱਥੇਬੰਦੀਆਂ ਬਾਰੇ ਭਰੋਸੇਮੰਦ ਜਾਣਕਾਰੀ ਦੇਣ ਵਾਲੇ ਲਈ ਸ਼ਖ਼ਸ ਲਈ ਸੈਕ੍ਰੇਟਰੀ ਔੱਫ਼ ਸਟੇਟ ਅਤੇ ਅਟਾੱਰਨੀ ਜਨਰਲ ਵਲੋਂ ਸਰਟੀਫ਼ਿਕੇਸ਼ਨ ਦਿੱਤੇ ਜਾਣ 'ਤੇ ਹੋਰ 50 ਵੀਜ਼ੇ ਉਪਲਬਧ ਹਨ। 8 U.S.C. § 1101(a)(15)(S)(ii); 8 U.S.C. § 1184(k)(1)।

ਵੀਜ਼ੇ ਦੀਆਂ ਸ਼ਰਤਾਂ ਦੀ ਉਲੰਘਣਾ—ਜਾਂ ਤਾਂ ਅਖ਼ਤਿਆਰ ਨਾ ਹੋਣ 'ਤੇ ਵੀ ਕੰਮ ਕਰਨ ਕਰਕੇ ਜਾਂ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ "ਵੱਧ ਠਹਿਰਣ"—ਕਰਕੇ ਵੀਜ਼ੇ ਦਾ ਦਰਜਾ ਖੁੰਝ ਸਕਦਾ ਹੈ ਅਤੇ ਦੇਸ਼ ਤੋਂ ਕੱਢਿਆ ਜਾ ਸਕਦਾ ਹੈ। ਇਸ ਤੋਂ ਅਲਾਵਾ, ਜਾਇਜ਼ ਇਮੀਗ੍ਰੇਸ਼ਨ ਦੇ ਦਰਜੇ ਤੋਂ ਬਿਨਾ ਕਿਸੇ ਦੇਸ਼ ਵਿੱਚ ਦਾਖ਼ਲ ਹੋਣ ਕਰਕੇ ਉਹ ਇਮੀਗ੍ਰੇਸ਼ਨ ਕਾਨੂੰਨ ਦੀ ਉਲੰਘਣਾ ਕਰਦਾ ਹੈ ਅਤੇ ਨਤੀਜੇ ਵਜੋਂ ਉਸ ਨੂੰ

ਕੱਢਿਆ ਜਾ ਸਕਦਾ ਹੈ; ਅਜਿਹੇ ਲੋਕਾਂ ਨੂੰ ਆਮ ਤੌਰ 'ਤੇ "**ਬਿਨਾ ਦਸਤਾਵੇਜ਼ ਵਾਲੇ ਕਿਹਾ ਜਾਂਦਾ ਹੈ।**"

## B. ਇਮੀਗ੍ਰੇਸ਼ਨ ਦੇ ਦਰਜੇ ਸਬੰਧੀ ਮੁੱਦਿਆਂ ਨੂੰ ਹੱਲ ਕਰਨ ਦਾ ਅਮਲ

ਜਿਵੇਂ ਕਿ ਵਿਆਖਿਆ ਕੀਤੀ ਗਈ ਹੈ, NLRA ਇਮੀਗ੍ਰੇਸ਼ਨ ਦੇ ਦਰਜੇ ਨੂੰ ਧਿਆਨ ਵਿੱਚ ਰੱਖੇ ਬਿਨਾ ਘੇਰੇ ਹੇਠਲੇ ਮੁਲਾਜ਼ਮਾਂ ਦੀ ਰਾਖੀ ਕਰਦਾ ਹੈ। ਇਸ ਲਈ ਇਮੀਗ੍ਰੇਸ਼ਨ ਦਾ ਦਰਜਾ (ਜਾਂ ਇਸਦੀ ਘਾਟ), ਆਮ ਤੌਰ 'ਤੇ ਜਾਂ ਤਾਂ ਨੁਮਾਇੰਦਗੀ ਸਬੰਧੀ ਕਾਰਵਾਈਆਂ ਜਾਂ ਅਣਉਚਿਤ ਕਿਰਤ ਵਿਹਾਰ ਦੀਆਂ ਕਾਰਵਾਈਆਂ ਦੇ ਗੁਣਾਂ ਜਾਂ ਔਗੁਣਾਂ ਦੇ ਅਧਾਰ 'ਤੇ ਫ਼ੈਸਲਾ ਕਰਨ ਦੇ ਪੜਾਅ 'ਤੇ ਢੁਕਵਾਂ ਨਹੀਂ ਹੁੰਦਾ। ਜਿਵੇਂ ਕਿ GC 02-06 ਵਿੱਚ ਦੱਸਿਆ ਗਿਆ ਹੈ "ਜਿਹੜੇ ਲੋਕਾਂ ਨਾਲ ਵਿਤਕਰਾ ਹੋਇਆ ਹੈ, ਲਈ ਅਮਲ ਅਤੇ ਉਪਾਅ, ਜੋ ਹੌਫ਼ਮੈਨ ਪਲਾਸਟਿਕ ਕੰਪਾਉਂਡਸ, ਇੰਕ ਤੋਂ ਬਾਅਦ ਬਿਨਾ ਦਸਤਾਵੇਜ਼ ਵਾਲੇ ਵਿਦੇਸ਼ੀ ਹੋ ਸਕਦੇ ਹਨ" ਪੰਨਾ 6:

- ਇਲਾਕਿਆਂ ਨੂੰ ਆਮ ਤੌਰ 'ਤੇ ਇਹ ਗੱਲ ਮੰਨਣੀ ਚਾਹੀਦੀ ਹੈ ਕਿ ਮੁਲਾਜ਼ਮਾਂ ਨੂੰ ਕਾਨੂੰਨੀ ਤੌਰ 'ਤੇ ਕੰਮ ਕਰਨ ਦਾ ਅਖ਼ਤਿਆਰ ਹੈ। ਉਹਨਾਂ ਨੂੰ *ਆਪਣੇ ਆਪ* ਇਮੀਗ੍ਰੇਸ਼ਨ ਦੀ ਪੜਤਾਲ ਕਰਾਉਣ ਤੋਂ ਵੀ ਬਚਣਾ ਚਾਹੀਦਾ ਹੈ ਅਤੇ ਗੁਣਾਂ ਜਾਂ ਔਗੁਣਾਂ ਦੇ ਅਧਾਰ 'ਤੇ ਫ਼ੈਸਲਾ ਕਰਨ ਦੇ ਪੜਾਅ 'ਤੇ, ਵਿਤਕਰਾ ਹੋਣ ਵਾਲੇ ਦੇ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਸੁਆਲਾਂ ਬਾਰੇ ਇਤਰਾਜ਼ ਕਰਨਾ ਚਾਹੀਦਾ ਹੈ।
- ਇਲਾਕਿਆਂ ਨੂੰ ਵਿਤਕਰਾ ਹੋਣ ਵਲਿਆਂ ਦੇ ਇਮੀਗ੍ਰੇਸ਼ਨ ਦੇ ਦਰਜੇ ਦੀ ਪੜਤਾਲ ਉਸ ਸਮੇਂ ਹੀ ਕਰਨੀ ਚਾਹੀਦੀ ਹੈ, ਜਦੋਂ ਮੁਦਾਲਾ [ਉਪਾਅ ਦੇ ਪੜਾਅ ਦੌਰਾਨ] ਅਸਲ ਮੁੱਦੇ ਦੀ ਮੌਜੂਦਗੀ ਸਿੱਧ ਕਰਦਾ ਹੈ।
- ਇਲਾਕਿਆਂ ਨੂੰ ਯੂਨੀਅਨ, ਦੋਸ਼ ਲਾਉਣ ਵਾਲੀ ਧਿਰ ਅਤੇ/ਜਾਂ ਵਿਤਕਰਾ ਹੋਣ ਵਾਲੇ ਨੂੰ ਨੌਕਰੀਦਾਤਾ ਦੇ ਸਬੂਤ ਦਾ ਜਵਾਬ ਦੇਣ ਲਈ ਕਹਿੰਦਿਆਂ ਪੜਤਾਲ ਕਰਨੀ ਚਾਹੀਦੀ ਹੈ।

ਇਲਾਕਿਆਂ ਨੂੰ ਇਸ ਪਾਲਿਸੀ ਦੀ ਪਾਲਣਾ ਕਰਦੇ ਰਹਿਣਾ ਚਾਹੀਦਾ ਹੈ ਅਤੇ ਵਾਧੂ ਸੇਧ ਲਈ GC 02-06 ਤੋਂ ਰਾਇ ਲੈਣੀ ਚਾਹੀਦੀ ਹੈ।

ਫਿਰ ਵੀ, ਇਮੀਗ੍ਰੇਸ਼ਨ ਸਬੰਧੀ ਮੁੱਦਿਆਂ ਬਾਰੇ NLRB ਦੀਆਂ ਕਾਰਵਾਈਆਂ ਵਿੱਚ ਕਈ ਵਾਰੀ ਲਾਜ਼ਮੀ ਤੌਰ 'ਤੇ ਦਖ਼ਲਅੰਦਾਜ਼ੀ ਕਰਨੀ ਪੈਂਦੀ ਹੈ। ਉਦਾਹਰਣ ਲਈ, NLRB ਦੇ ਵਿਤਕਰਾ ਹੋਣ ਵਾਲਿਆਂ, ਗੁਆਹਾਂ ਜਾਂ ਵੋਟ ਪਾਉਣ ਦੇ ਹੱਕਦਾਰ ਮੁਲਾਜ਼ਮਾਂ ਨੂੰ ICE ਜਾਂ CBP ਹਿਰਾਸਤ ਵਿੱਚ ਲੈ ਸਕਦੀ ਹੈ। ਇਸ ਤੋਂ ਅਲਾਵਾ, ਜਿੱਥੇ ਇਮੀਗ੍ਰੇਸ਼ਨ ਨਾਲ ਜੁੜੀਆਂ ਧਮਕੀਆਂ ਜਾਂ ਸਬੰਧਿਤ ਵਿਹਾਰ ਅਣਉਚਿਤ ਕਿਰਤ ਵਿਹਾਰ ਦੇ ਇਲਜ਼ਾਮ ਦਾ ਅਧਾਰ ਹੋਵੇ, ਤਾਂ ਇਮੀਗ੍ਰੇਸ਼ਨ ਦਾ ਦਰਜਾ ਪੱਕੇ ਤੌਰ 'ਤੇ ਅਣਉਚਿਤ ਕਿਰਤ ਵਿਹਾਰ ਦੀ ਪੇਚੀਦਗੀ ਨਾਲ ਜੁੜਿਆ ਹੋ ਸਕਦਾ ਹੈ। ਅੰਤ ਵਿੱਚ, ਇਹ ਮੁੱਦਾ ਓਨਾ ਹੀ ਆਮ ਹੋ ਸਕਦਾ ਹੈ, ਜਿੰਨਾ ਕਿ ਮੁਲਾਜ਼ਮ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਆਪਣੀ ਮਰਜ਼ੀ ਨਾਲ ਜਾਣਕਾਰੀ ਦਿੰਦਾ ਹੈ ਜਾਂ ਇਲਾਕੇ ਤੋਂ ਇਮੀਗ੍ਰੇਸ਼ਨ ਬਾਰੇ ਸਲਾਹ ਜਾਂ ਮਦਦ ਲਈ ਪੁੱਛਦਾ ਹੈ।

ਇਲਾਕਿਆਂ ਨੂੰ ਇਮੀਗ੍ਰੇਸ਼ਨ ਬਾਰੇ ਸਲਾਹ ਨਹੀਂ ਦੇਣੀ ਚਾਹੀਦੀ। ਜਦੋਂ ਮੁਲਾਜ਼ਮ ਆਪਣੀ ਯੂਨੀਅਨ ਰਾਹੀਂ ਜਾਂ ਕਿਸੇ ਨਿਰਪੱਖ ਇਮੀਗ੍ਰੇਸ਼ਨ ਅਟਾੱਰਨੀ ਤੋਂ ਇਮੀਗ੍ਰੇਸ਼ਨ ਸਲਾਹ ਲੈ ਸਕਦੇ ਹਨ, ਤਾਂ ਇਹਨਾਂ ਮੁੱਦਿਆਂ ਨੂੰ ਸਭ ਤੋਂ ਵਧੀਆ ਢੰਗ ਨਾਲ ਸੁਲਝਾਇਆ ਜਾਂਦਾ ਹੈ। ਇਲਾਕੇ, ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਨੂੰ ਨਿਆ ਵਿਭਾਗ ਵਲੋਂ ਪ੍ਰਬੰਧ ਕੀਤੀ ਜਾਂਦੀ ਮਾਣਤਾਪ੍ਰਾਪਤ ਇਮੀਗ੍ਰੇਸ਼ਨ ਸੇਵਾਵਾਂ ਦੇ ਪ੍ਰੋਵਾਈਡਰਾਂ ਦੀ ਸੂਚੀ http://www.justice.gov/eoir/ra/raroster.htm 'ਤੇ ਭੇਜ ਸਕਦੇ ਹਨ।[4] ਕਦੀ-ਕਦਾਈਂ ਲੋਕਾਂ ਨੂੰ ਆਪਣੀ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਗ਼ਲਤਫ਼ਹਿਮੀ ਹੋ ਜਾਂਦੀ ਹੈ ਅਤੇ ਇਲਾਕਿਆਂ ਨੂੰ ਇਹ ਅੰਦਾਜ਼ਾ ਨਹੀਂ ਲਾਉਣਾ ਚਾਹੀਦਾ ਕਿ ਬਿਨਾ ਨੁਮਾਇੰਦਗੀ ਵਾਲੇ ਕਿਸੇ ਵਿਅਕਤੀ ਵਲੋਂ ਆਪਣੀ ਮਰਜ਼ੀ ਨਾਲ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਦਿੱਤੀ ਗਈ ਜਾਣਕਾਰੀ ਸਹੀ ਹੈ।

## C. ਦਰਜੇ ਦੇ ਮੁੱਦਿਆਂ ਬਾਰੇ ਇਮੀਗ੍ਰੇਸ਼ਨ ਏਜੰਸੀਆਂ ਤੋਂ ਸਹਾਇਤਾ ਚਾਹੁਣੀ

ਜਿਵੇਂ ਕਿ ਹੇਠਾਂ ਦਿੱਤਾ ਗਿਆ ਹੈ, ਕੁਝ ਖ਼ਾਸ ਮਾਮਲਿਆਂ ਵਿੱਚ ਜਿੱਥੇ ਇਮੀਗ੍ਰੇਸ਼ਨ ਦੇ ਦਰਜੇ ਦੀ ਖ਼ਾਸ ਅਹਿਮੀਅਤ ਹੁੰਦੀ ਹੈ, ਏਜੰਸੀ ਮਾਮਲਾ ਅੱਗੇ ਵਧਾਉਣ ਲਈ ਤਿੰਨ ਇਮੀਗ੍ਰੇਸ਼ਨ ਏਜੰਸੀਆਂ ਵਿੱਚੋਂ ਇੱਕ ਦੀ ਮਦਦ ਲੈਣ ਦਾ ਫ਼ੈਸਲਾ ਕਰ ਸਕਦੀ ਹੈ NLRA ਵਲੋਂ ਅਸਰਦਾਰ ਢੰਗ ਨਾਲ ਲਾਗੂ ਕਰਨਾ। ਅਜਿਹੀਆਂ ਏਜੰਸੀਆਂ ਵੀਜ਼ੇ ਬਾਰੇ ਉਪਾਅ ਦੱਸਣ, ਬਾਕੀ ਰਹਿੰਦੀ ਕਾਰਵਾਈ ਦੌਰਾਨ NLRB ਇਮੀਗ੍ਰੇਸ਼ਨ ਸਬੰਧੀ ਕਾਰਜ ਮੁਲਤਵੀ ਕਰਨ ਅਤੇ/ਜਾਂ ਲੋਕਾਂ ਨੂੰ ਹਿਰਾਸਤ ਤੋਂ ਬਰੀ ਕਰਨ ਜਾਂ ਹਿਰਾਸਤ ਵਿਚਲੇ ਗੁਆਹਾਂ ਤੱਕ ਪਹੁੰਚ ਉਪਲਬਧ ਕਰਾਉਣ ਵਿੱਚ ਮਦਦ ਕਰ ਸਕਦੀਆਂ ਹਨ। ਜਦੋਂ ਵੀ ਅਜਿਹੇ ਮੁੱਦੇ ਸਾਹਮਣੇ ਆਉਂਦੇ ਹਨ, ਤਾਂ ਇਲਾਕਿਆਂ ਨੂੰ ਅੱਪ੍ਰੇਸ਼ਨਸ-ਮੈਨੇਜਮੈਂਟ ਬਾਰੇ ਡਿਵੀਜ਼ਨ ਵਿੱਚ DAGC ਪੀਟਰ ਸੁੰਗ ਓਹਰ (Peter Sung Ohr) ਨਾਲ ਸਲਾਹ ਕਰਨੀ ਚਾਹੀਦੀ ਹੈ।

---

4 ਸਰਕਾਰੀ ਸੇਵਾ ਵਜੋਂ ਲੋਕਾਂ ਦੀ ਵਰਤੋਂ ਲਈ, ਇਲਾਕਾ ਮੌਜੂਦਾ ਮਾਣਤਾਪ੍ਰਾਪਤ ਸੰਸਥਾਵਾਂ ਅਤੇ ਅਖ਼ਤਿਆਰਪ੍ਰਾਪਤ ਲੋਕਾਂ ਦੀ ਸੂਚੀ ਦੀਆਂ ਕਾੱਪੀਆਂ ਇਲਾਕਾਈ ਦਫ਼ਤਰ ਵਿੱਚ ਇੱਕ ਮਿੱਥੀ ਹੋਈ ਥਾਂ 'ਤੇ ਬਾਈਂਡਰ ਵਿੱਚ ਰੱਖ ਸਕਦਾ ਹੈ।

ਇਲਾਕੇ ਨੂੰ ਹੇਠਾਂ ਦਿੱਤੀ ਕਿਸੇ ਵੀ ਸਥਿਤੀ ਨੂੰ ਸ਼ਾਮਿਲ ਕਰਨ ਵਾਲੇ ਕੇਸਾਂ ਨੂੰ ਔਪ੍ਰੇਸ਼ਨਸ-ਮੈਨੇਜਮੈਂਟ ਬਾਰੇ ਡਿਵੀਜ਼ਨ ਨਾਲ ਵੀ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ: 1) ਜਿੱਥੇ ਕੇਸ ਵਿੱਚ ਸ਼ਾਮਿਲ ਕਿਸੇ ਵੀ ਵਿਅਕਤੀ ਦਾ ਦਰਜਾ ਖੁੰਝ ਜਾਂਦਾ ਹੈ, ਖ਼ਾਸ ਤੌਰ 'ਤੇ ਸੁਰੱਖਿਅਤ ਸੰਗਠਿਤ ਸਰਗਰਮੀਆਂ ਕਰਕੇ; 2) ਜਿੱਥੇ ਕਾਨੂੰਨ ਸਿਰੇ ਚਾੜ੍ਹਣ ਲਈ ਵਿਅਕਤੀ ਦੀ ਦੇਸ਼ ਵਿੱਚ ਮੌਜੂਦਗੀ ਬਹੁਤ ਜ਼ਰੂਰੀ ਹੈ; 3) ਜਿੱਥੇ ਨੌਕਰੀਦਾਤਾ NLRB ਜਾਂ ਇਮੀਗ੍ਰੇਸ਼ਨ ਦੇ ਅਮਲਾਂ ਦੀ ਦੁਰਵਰਤੋਂ ਕਰ ਰਿਹਾ ਹੈ; ਅਤੇ/ਜਾਂ 4) ਜਿੱਥੇ ਨੌਕਰੀਦਾਤਾ ਨੂੰ ਮੁਲਾਜ਼ਮ ਦੇ ਦਰਜੇ ਦੀ ਕਮੀ ਬਾਰੇ ਪਤਾ ਸੀ ਜਾਂ ਜਾਣ-ਬੁੱਝਕੇ ਅੱਖੋਂ-ਪਰੋਖੇ ਕੀਤਾ ਹੋਇਆ ਸੀ। ਇਹ ਸਥਿਤੀਆਂ ਸਿਰਫ਼ ਵਿਆਖਿਆ ਕਰਦੀਆਂ ਹਨ ਅਤੇ ਹੋਰ ਵੀ ਹੋ ਸਕਦੇ ਹਨ, ਜਿੱਥੇ ਔਪ੍ਰੇਸ਼ਨ-ਮੈਨੇਜਮੈਂਟ ਬਾਰੇ ਡਿਵੀਜ਼ਨ ਨਾਲ ਸਲਾਹ-ਮਸ਼ਵਰਾ ਕਰਨਾ ਸਿਆਣਪ ਵਾਲਾ ਕੰਮ ਹੋਏਗਾ।

### 1. ਦਰਜਾ ਖੁੰਝਣਾ, ਖ਼ਾਸ ਤੌਰ 'ਤੇ ਜਿੱਥੇ ਸੁਰੱਖਿਅਤ ਸੰਗਠਿਤ ਸਰਗਰਮੀਆਂ ਕਰਕੇ ਦਰਜਾ ਖੁੰਝ ਜਾਂਦਾ ਹੈ

ਇਮੀਗ੍ਰੇਸ਼ਨ ਦੇ ਗ਼ੈਰਕਾਨੂੰਨੀ ਦਰਜੇ ਨਾਲ ਜੁੜੇ ਕੇਸ, ਜੋ ਕਿ ਅਣਉਚਿਤ ਕਿਰਤ ਵਿਹਾਰ ਦੇ ਸਿੱਧੇ ਨਤੀਜੇ ਵਜੋਂ ਬਹੁਤ ਅਸਰਦਾਰ ਹੁੰਦੇ ਹਨ, ਮੁਲਾਜ਼ਮ ਤੋਂ ਗ਼ੈਰਕਾਨੂੰਨੀ ਤਰੀਕੇ ਨਾਲ ਵਾਪਸ ਲੈ ਲਏ ਜਾਂਦੇ ਹਨ। ਉਦਾਹਰਣ ਲਈ, ਜਿਵੇਂ ਕਿ ਪਹਿਲਾਂ ਵਿਆਖਿਆ ਕੀਤੀ ਗਈ ਹੈ, ਇੱਕ ਮੁਲਾਜ਼ਮ, ਜਿਸ ਕੋਲ ਗ਼ੈਰਪ੍ਰਵਾਸੀ ਕੰਮ ਦਾ ਵੀਜ਼ਾ ਹੁੰਦਾ ਹੈ—ਜਿਵੇਂ ਕਿ H ਜਾਂ L ਵੀਜ਼ਾ—ਇਮੀਗ੍ਰੇਸ਼ਨ ਦਾ ਦਰਜਾ ਬਹਾਲ ਰੱਖਣ ਅਤੇ ਕਾਨੂੰਨੀ ਤੌਰ 'ਤੇ ਦੇਸ਼ ਵਿੱਚ ਰਹਿਣ ਲਈ ਕਿਸੇ ਖ਼ਾਸ ਨੌਕਰੀਦਾਤਾ ਵਲੋਂ ਲਗਾਤਾਰ ਕੰਮ ਦੇਣ ਵਾਲੇ 'ਤੇ ਨਿਰਭਰ ਰਹੇਗਾ। ਉਦਾਹਰਣ ਲਈ, ਇੱਕ ਨੌਕਰੀਦਾਤਾ ਮੁਲਾਜ਼ਮ ਜਿਸਨੂੰ ਸੈਕਸ਼ਨ 8(a)(1) ਜਾਂ 8(a)(3) ਦੀ ਉਲੰਘਣਾ ਕਰਨ ਬਦਲੇ ਨੌਕਰੀ ਤੋਂ ਕੱਢਿਆ ਗਿਆ ਹੈ, ਲਈ ਮੁਲਾਜ਼ਮ ਨੂੰ ਉਸਦੇ ਵੀਜ਼ੇ ਦੇ ਦਰਜੇ ਕਰਕੇ ਗ਼ੈਰਕਾਨੂੰਨੀ ਤੌਰ 'ਤੇ ਵਾਂਝਾ ਕਰ ਦਏਗਾ। ਇਸ ਤੋਂ ਅਲਾਵਾ, ਅਣਉਚਿਤ ਕਿਰਤ ਵਿਹਾਰ ਦੀ ਪੜਤਾਲ, ਮੁਕੱਦਮਾ ਅਤੇ ਉਪਾਅ ਕਰਨ ਨਾਲ ਵਿਤਕਰਾ ਹੋਣ ਵਾਲੇ ਵਲੋਂ ਦੇਸ਼ ਵਿੱਚ ਨਾ ਹੋਣ ਕਰਕੇ ਅੜਿੱਕਾ ਪੈਣ ਦੀ ਸੰਭਾਵਨਾ ਹੋਏਗੀ। ਹਾਲਾਂਕਿ, ਅਣਉਚਿਤ ਕਿਰਤ ਵਿਹਾਰ ਨੂੰ ਅੱਗੇ ਵਧਾਕੇ ਮੁਲਾਜ਼ਮ ਨੂੰ ਦੇਸ਼ ਵਿੱਚ ਰੱਖਣ ਕਰਕੇ ਵਿਤਕਰਾ ਹੋਣ ਵਾਲੇ 'ਤੇ ਇਮੀਗ੍ਰੇਸ਼ਨ ਦੇ ਜੁਰਮਾਨੇ ਲੱਗ ਸਕਦੇ ਹਨ ਅਤੇ ਉਪਾਅ ਕਰਨ ਵਾਲੀ ਸੋਚ ਨੂੰ ਗੁੰਝਲਦਾਰ ਬਣਾ ਸਕਦਾ ਹੈ—ਭਾਵੇਂ ਮੁਲਾਜ਼ਮ ਨੇ ਹਮੇਸ਼ਾ ਇਮੀਗ੍ਰੇਸ਼ਨ ਦੇ ਕਾਨੂੰਨ ਦੀ ਪਾਲਣਾ ਕੀਤੀ ਸੀ ਅਤੇ ਉਸ ਨੂੰ ਇਮੀਗ੍ਰੇਸ਼ਨ ਦੇ ਦਰਜੇ ਤੋਂ ਗ਼ੈਰਕਾਨੂੰਨੀ ਤੌਰ 'ਤੇ ਵਾਂਝਾ ਰਖਿਆ ਗਿਆ ਸੀ।

ਇਸ ਤੋਂ ਅਲਾਵਾ, ਅਜਿਹੇ ਮਾਮਲਿਆਂ ਵਿੱਚ, ਜਿੱਥੇ ਲੋਕ ਹੋਰਨਾਂ ਕਈ ਕਾਰਣਾਂ ਕਰਕੇ ਕਾਨੂੰਨੀ ਇਮੀਗ੍ਰੇਸ਼ਨ ਦਾ ਦਰਜਾ ਗੁਆ ਬਹਿੰਦੇ ਹਨ, ਨੂੰ ਵੀ NLRB ਦੀਆਂ ਕਾਰਵਾਈਆਂ ਵਿੱਚ ਹਿੱਸਾ ਲੈਣ ਲਈ ਦੇਸ਼ ਵਿੱਚ ਰਹਿਣ ਬਦਲੇ ਇਮੀਗ੍ਰੇਸ਼ਨ ਦੀਆਂ ਏਜੰਸੀਆਂ ਤੋਂ ਸਹਾਇਤਾ ਦੀ ਲੋੜ ਵੀ ਪੈ ਸਕਦੀ ਹੈ। ਇਸ ਸ਼੍ਰੇਣੀ ਵਿੱਚ ਉਹ ਕੇਸ ਵੀ ਸ਼ਾਮਿਲ ਹਨ, ਜਿੱਥੇ ਸਿਰਫ਼ ਆਰਜ਼ੀ ਗ਼ੈਰਪ੍ਰਵਾਸੀ ਵੀਜ਼ੇ ਦੀ ਮਿਆਦ ਖ਼ਤਮ ਹੁੰਦੀ ਹੈ।

### 2. ਕਾਨੂੰਨ ਸਿਰੇ ਚਾੜ੍ਹਣ ਲਈ ਦੇਸ਼ ਵਿੱਚ ਵਿਅਕਤੀ ਦੀ ਮੌਜੂਦਗੀ ਦੀ ਅਹਿਮੀਅਤ

ਇਮੀਗ੍ਰੇਸ਼ਨ ਦੇ ਦਰਜੇ ਸਬੰਧੀ ਮੁੱਦੇ, NLRA ਦੀ ਐਨਫ਼ੋਰਸਮੈਂਟ ਅਤੇ ਕਾਰਵਾਈ ਪੂਰੀ ਕਰਨ ਵਿੱਚ ਦਖ਼ਲਅੰਦਾਜ਼ੀ ਕਰ ਸਕਦੇ ਹਨ, ਉਦਾਹਰਣ ਲਈ, ਵਿਤਕਰਾ ਹੋਣ ਵਾਲਿਆਂ ਅਤੇ ਅਹਿਮ ਗੁਆਹਾਂ ਦੀ ਉਪਲਬਧਤਾ 'ਤੇ ਅਸਰ ਪਾਕੇ NLRB ਲਾਗੂ ਕਰ ਸਕਦੇ ਹਨ। ਅਜਿਹੇ ਕੇਸਾਂ ਵਿੱਚ, ਇਮੀਗ੍ਰੇਸ਼ਨ ਏਜੰਸੀਆਂ ਦੀ ਮਦਦ ਚਾਹੁਣਾ, ਢੁਕਵੀਂ ਗੱਲ ਹੋ ਸਕਦੀ ਹੈ।

ਇਸ ਤੋਂ ਅਲਾਵਾ, ਸਰੀਰਕ ਜ਼ਬਦਸਤੀ, ਬਿਨਾ ਮਰਜ਼ੀ ਵਾਲੀ ਗ਼ੁਲਾਮੀ, ਬਲੈਕਮੇਲ ਜਾਂ ਕਾਨੂੰਨਾਂ ਦੀ ਹੋਰ ਉਲੰਘਣਾ ਵਰਗਾ ULP ਵਿੱਚ ਕਥਿਤ ਪਰਲੇ ਦਰਜੇ ਦਾ ਵਿਹਾਰ ਸ਼ਾਮਿਲ ਹੈ, ਇਸ 'ਤੇ ਖ਼ਾਸ ਧਿਆਨ ਦੇਣ ਦੀ ਲੋੜ ਹੈ। ਸਰੀਰਕ ਜ਼ਬਰਦਸਤੀ ਅਤੇ ਬਿਨਾ ਮਰਜ਼ੀ ਵਾਲੀ ਗ਼ੁਲਾਮੀ ਦੀਆਂ ਉਦਾਹਰਣਾਂ ਵਿੱਚ ਮੁਲਾਜ਼ਮ ਦਾ ਪਾਸਪੋਰਟ ਲੈਣਾ ਜਾਂ ਗ਼ੈਰਕਾਨੂੰਨੀ ਕੰਮ ਕਰਨ ਦੀਆਂ ਸ਼ਰਤਾਂ ਲਾਗੂ ਕਰਨਾ ਵੀ ਸ਼ਾਮਿਲ ਹੋ ਸਕਦਾ ਹੈ। ਬਲੈਕਮੇਲ ਦੀਆਂ ਉਦਾਹਰਣਾਂ ਵਿੱਚ, ਇਮੀਗ੍ਰੇਸ਼ਨ ਦੇ ਅਫ਼ਸਰਾਂ ਨੂੰ ਕਾੱਲ ਕਰਨ ਦੀਆਂ ਧਮਕੀਆਂ ਜਾਂ "ਬਲੈਕਲਿਸਟ" ਮੁਲਾਜ਼ਮਾਂ ਨੂੰ ਧਮਕਾਉਣ ਵਰਗੀਆਂ ਬਦਲਾ ਲੈਣ ਦੀਆਂ ਗ਼ੈਰਕਾਨੂੰਨੀ ਧਮਕੀਆਂ ਰਾਹੀਂ ਸੁਰੱਖਿਅਤ ਸਰਗਰਮੀ ਵਿੱਚ ਦਖ਼ਲ ਦੇਣਾ ਸ਼ਾਮਿਲ ਹੋ ਸਕਦਾ ਹੈ। ਅਜਿਹੇ ਕੇਸਾਂ ਵਿੱਚ, ਇਮੀਗ੍ਰੇਸ਼ਨ ਦੇ ਵਾਧੂ ਉਪਾਅ ਉਪਲਬਧ ਹੋ ਸਕਦੇ ਹਨ, ਇਸ ਵਿੱਚ

U ਜਾਂ T ਵੀਜ਼ਾ ਵਰਗਾ ਕਾਨੂੰਨੀ ਐਨਫ਼ੋਰਮੈਂਟ ਵਾਲਾ ਵੀਜ਼ਾ ਸ਼ਾਮਿਲ ਹੈ।[5] ਅਜਿਹੇ ਮਾਮਲੇ ਸਾਹਮਣੇ ਆਉਣ 'ਤੇ ਇਲਾਕਿਆਂ ਵਲੋਂ ਔਪ੍ਰੇਸ਼ਨਸ-ਮੈਨੇਜਮੈਂਟ ਬਾਰੇ ਡਿਵੀਜ਼ਨ ਨਾਲ ਸੰਪਰਕ ਕਰਨਾ ਬਹੁਤ ਜ਼ਰੂਰੀ ਹੈ।

**T ਵੀਜ਼ੇ:**

T ਵੀਜ਼ਾ ਸ਼੍ਰੇਣੀ ਟ੍ਰੈਫ਼ਿਕਿੰਗ ਅਤੇ ਹਿੰਸਾ ਤੋਂ ਸੁਰੱਖਿਆ ਬਾਰੇ ਕਾਨੂੰਨ 2000 ਰਾਹੀਂ 2000 ਵਿੱਚ ਬਣਾਈ ਗਈ ਸੀ, ਪਬਲੀਕੇਸ਼ਨ. L. 106-386। ਇਹ ਵੀਜ਼ਾ ਉਪਲਬਧ ਹੈ, ਜਿੱਥੇ ਬਿਨੈਕਾਰ "ਖ਼ੁਦ ਆਮ ਟ੍ਰੈਫ਼ਿਕਿੰਗ ਦੇ ਗੰਭੀਰ ਰੂਪਾਂ" ਦਾ ਸ਼ਿਕਾਰ ਹੈ[6] ਅਤੇ ਟ੍ਰੈਫ਼ਿਕਿੰਗ ਕਰਕੇ ਪੀੜਤ ਸ਼ਖ਼ਸ ਅਮਰੀਕਾ ਵਿੱਚ ਹੀ ਮੌਜੂਦ ਹੋਣਾ ਚਾਹੀਦਾ ਹੈ। 8 U.S.C. § 1101(a)(15)(T)(i)(II)। ਪੀੜਤ ਸ਼ਖ਼ਸ ਨੂੰ ਜਾਂ ਤਾਂ "ਲੋਕਾਂ ਦੀ ਟ੍ਰੈਫ਼ਿਕਿੰਗ ਦੀਆਂ ਕਾਰਵਾਈਆਂ ਦੀ ਪੜਤਾਲ ਜਾਂ ਮੁਕੱਦਮੇ ਵਿੱਚ ਮਦਦ ਲਈ ਕਿਸੇ ਵੀ ਢੁਕਵੀਂ ਬੇਨਤੀ ਦੀ ਪਾਲਣਾ ਕਰਨੀ ਚਾਹੀਦੀ ਹੈ ਜਾਂ ਉਸਦੀ ਉਮਰ [i] 15 ਸਾਲ ਤੋਂ ਘੱਟ ਹੈ।" 8 U.S.C. § 1101(a)(15)(T)(i)(III)।
ਇਸ ਤੋਂ ਅਲਾਵਾ, ਜੇ ਪੀੜਤ ਨੂੰ ਦੇਸ਼ ਵਿੱਚੋਂ ਕੱਢਿਆ ਗਿਆ ਸੀ, ਤਾਂ ਪੀੜਤ ਨੂੰ "ਅਸਾਧਾਰਣ ਅਤੇ ਗੰਭੀਰ ਨੁਕਸਾਨ ਨਾਲ ਹੋਈ ਬਹੁਤ ਜ਼ਿਆਦਾ ਮੁਸ਼ਕਿਲ" ਵੀ ਸਿੱਧ ਕਰਨੀ ਚਾਹੀਦੀ ਹੈ। 8 C.F.R. § 214.11(i) (ਬਹੁਤ ਜ਼ਿਆਦਾ ਮੁਸ਼ਕਿਲ ਬਾਰੇ ਦੱਸਣਾ)। ਤਦਾਦ ਦੇ ਹਿਸਾਬ ਨਾਲ, ਹਰ ਸਾਲ ਸਿਰਫ਼ 5000 T ਵੀਜ਼ੇ ਦਿੱਤੇ ਜਾਂਦੇ ਹਨ।

T ਵੀਜ਼ਿਆਂ ਦੀ ਮਿਆਦ ਤਿੰਨ ਸਾਲ ਲਈ ਹੁੰਦੀ ਹੈ ਅਤੇ ਕੰਮ ਦਾ ਅਖ਼ਤਿਆਰਨਾਮਾ ਇਸ ਵਿੱਚ ਆਪਣੇ ਆਪ ਸ਼ਾਮਿਲ ਹੁੰਦਾ ਹੈ। 8 C.F.R। § 214.11(l)(4) (ਕੰਮ ਦਾ ਅਖ਼ਤਿਆਰਨਾਮਾ); § 214.11(p) (ਮਿਆਦ ਤਿੰਨ ਸਾਲ)। ਪੀੜਤਾਂ ਦੇ ਪਰਿਵਾਰ ਦੇ ਮੈਂਬਰ ਵੀ T ਵੀਜ਼ੇ ਹਾਸਿਲ ਕਰ ਸਕਦੇ ਹਨ; ਪਰਿਵਾਰ ਦੇ ਮੈਂਬਰ ਤਦਾਦ ਦੀ ਸੀਮਾ ਹੇਠ ਨਹੀਂ ਆਉਂਦੇ। 8 C.F.R।
§ 214.11(o). T ਵੀਜ਼ੇ ਨਾਲ ਕਾਨੂੰਨੀ ਤੌਰ 'ਤੇ ਪੱਕਾ ਵਸਨੀਕ ਬਣਨ ਦਾ ਰਾਹ ਵੀ ਸ਼ਾਮਿਲ ਹੈ। 8 C.F.R।
§ 214.11(p)(2)।

NLRB ਸਾਹਮਣੇ ਆਉਣ ਵਾਲੇ ਕੁਝ ਕੇਸਾਂ ਵਿੱਚ ਇਹ ਵੀਜ਼ਾ ਲਾਗੂ ਹੋ ਸਕਦਾ ਹੈ। ਉਦਾਹਰਣ ਲਈ, ਜਿੱਥੇ ਵਿਤਕਰਾ ਹੋਣ ਵਾਲੇ ਸ਼ਖ਼ਸ ਨੂੰ ਝੂਠੇ ਬਹਾਨਿਆਂ ਨਾਲ ਦੇਸ਼ ਵਿੱਚ ਲਿਆਇਆ ਜਾਂਦਾ ਹੈ ਅਤੇ ਲੁੱਟ-ਖਸੁੱਟ ਕਰਨ ਵਾਲੇ ਕਾਰਖ਼ਾਨੇ (ਸਵੈਟਸ਼ਾੱਪ) ਦੀਆਂ ਸਥਿਤੀਆਂ ਵਿੱਚ ਰਖਿਆ ਜਾਂਦਾ ਹੈ, ਉਸ ਨੂੰ T ਵੀਜ਼ਾ ਮਿਲ ਸਕਦਾ ਹੈ। ਹਾਲਾਂਕਿ, ਬਹੁਤੇ ਕੇਸਾਂ ਵਿੱਚ T ਵੀਜ਼ਾ ਜਾਂ ਤਾਂ ਇਸ ਕਰਕੇ ਨਹੀਂ ਮਿਲ ਸਕਦਾ, ਕਿਉਂਕਿ ਉਹ ਵਿਅਕਤੀ ਟ੍ਰੈਫ਼ਿਕਿੰਗ ਦੇ ਜਾਲ ਵਿੱਚ ਫਸਕੇ ਯੂਨਾਈਟਿਡ ਸਟੇਟਸ ਨਹੀਂ ਆਇਆ ਜਾਂ USCIS ਵਲੋਂ ਟ੍ਰੈਫ਼ਿਕਿੰਗ ਲਈ ਲੋੜੀਂਦੇ ਗੰਭੀਰ ਪੱਧਰ ਤੱਕ ਨਹੀਂ ਪਹੁੰਚਦੇ।

ਉਹਨਾਂ ਮਾਮਲਿਆਂ, ਜਿੱਥੇ T ਵੀਜ਼ਾ ਲਾਗੂ ਹੋ ਸਕਦਾ ਹੈ, ਇਲਾਕਾਈ ਦਫ਼ਤਰ ਨੂੰ ਔਪ੍ਰੇਸ਼ਨਸ-ਮੈਨੇਜਮੈਂਟ ਬਾਰੇ ਡਿਵੀਜ਼ਨ ਵਿੱਚ DAGC ਪੀਟਰ ਸੁੰਗ ਓਹਰ (Peter Sung Ohr) ਨਾਲ ਫ਼ੌਰਨ ਸੰਪਰਕ ਕਰਨਾ ਚਾਹੀਦਾ ਹੈ।

**U ਵੀਜ਼ਾ:**

T ਵੀਜ਼ੇ ਵਾਂਗ ਹੀ, U ਵੀਜ਼ੇ ਦੀ ਸ਼੍ਰੇਣੀ ਟ੍ਰੈਫ਼ਿਕਿੰਗ ਅਤੇ ਹਿੰਸਾ ਤੋਂ ਸੁਰੱਖਿਆ ਬਾਰੇ ਕਾਨੂੰਨ ਰਾਹੀਂ ਬਣਾਈ ਗਈ ਸੀ। U ਵੀਜ਼ਾ ਉਸ ਸਮੇਂ ਮਿਲਦਾ ਹੈ, ਜਿੱਥੇ ਗ਼ੈਰਪ੍ਰਵਾਸੀ ਬਿਨੈਕਾਰ ਯੂਨਾਈਟਿਡ ਸਟੇਟਸ ਵਿੱਚ ਹੁੰਦਿਆਂ ਹੋਇਆਂ, ਹੇਠਾਂ ਦਿੱਤੇ "ਯੋਗ ਜੁਰਮਾਂ" ਵਿੱਚੋਂ ਇੱਕ ਪੀੜਤ ਹੁੰਦਾ ਹੈ:

> ਬਲਾਤਕਾਰ; ਤਸ਼ੱਦਦ; ਟ੍ਰੈਫ਼ਿਕਿੰਗ; ਵਰਜਿਤ ਸਰੀਰਕ ਰਿਸ਼ਤਾ; ਘਰੇਲੂ ਹਿੰਸਾ; ਜਿਨਸੀ ਹਮਲਾ; ਲੱਚਰ ਜਿਨਸੀ ਸੰਪਰਕ; ਵੇਸਵਾਗਿਰੀ; ਜਿਨਸੀ ਸ਼ੋਸ਼ਣ; ਔਰਤ ਦੇ ਜਨਨ-ਅੰਗ ਵਿਗਾੜਣਾ; ਬੰਧਕ ਬਣਾਕੇ ਰੱਖਣਾ; ਵਗਾਰ; ਬਿਨਾ ਮਰਜ਼ੀ ਵਾਲੀ ਗ਼ੁਲਾਮੀ; ਗ਼ੁਲਾਮਾਂ ਦਾ ਵਪਾਰ; ਅਗ਼ਵਾ; ਉਧਾਲਾ; ਗ਼ੈਰਕਾਨੂੰਨੀ ਮੁਜਰਮਾਨਾ ਮਨਾਹੀ; ਝੂਠੀ ਕੈਦ; ਬਲੈਕਮੇਲ; ਫ਼ਿਰੌਤੀ;
> ਇਨਸਾਨੀ-ਕਤਲ; ਕਤਲ; ਸੰਗੀਨ ਹਮਲਾ; ਗੁਆਹ 'ਤੇ ਅਸਰ ਪਾਉਣ, ਬਦਲਣ ਜਾਂ ਰੋਕਣ ਦੀ ਕੋਸ਼ਿਸ਼ ਕਰਨੀ; ਨਿਆ ਵਿੱਚ ਅੜਿੱਕਾ ਡਾਹੁਣਾ; ਝੂਠੀ ਸਹੁੰ; ਜਾਂ ਕੋਸ਼ਿਸ਼, ਸਾਜ਼ਿਸ਼ ਜਾਂ ਉਪਰ ਜ਼ਿਕਰ ਕੀਤੇ ਗਏ ਜੁਰਮਾਂ ਵਿੱਚੋਂ ਕੋਈ ਵੀ ਕੋਸ਼ਿਸ਼, ਸਾਜ਼ਿਸ਼ ਜਾਂ

---

5 ਅਜਿਹੇ ਵੀਜ਼ੇ ਕਾਨੂੰਨੀ ਐਨਫ਼ੋਰਸਮੈਂਟ ਏਜੰਸੀਆਂ ਨਾਲ ਮਿਲਵਰਤਨ ਕਰਨ ਬਦਲੇ ਕੁਝ ਯੋਗ ਜੁਰਮਾਂ ਦੇ ਸ਼ਿਕਾਰ ਲੋਕਾਂ ਲਈ ਉਪਲਬਧ ਹਨ। 8 U.S.C. § 1101(a)(15)(T) ਅਤੇ (U); 8 C.F.R. § 214.14।

6 "ਸੈਕਸ ਟ੍ਰੈਫ਼ਿਕਿੰਗ ਇੱਕ ਅਜਿਹਾ ਕਾਰਜ ਹੈ, ਜਿਸ ਨੂੰ ਕਾਰੋਬਾਰ ਦੇ ਮਕਸਦ ਨਾਲ ਲੋਕਾਂ ਨੂੰ ਸੈਕਸ ਦੇ ਕੰਮ-ਧੰਦੇ ਵਿੱਚ ਲਾਉਣ ਲਈ ਤਾਕਤ, ਧੋਖਾਧੜੀ ਜਾਂ ਜ਼ਬਰਦਸਤੀ ਮਨਾਇਆ ਜਾਂਦਾ ਹੈ ਜਾਂ ਜਿਸ ਵਿੱਚ ਅਜਿਹੇ ਕਾਰਜ ਵਿੱਚ ਲਾਏ ਗਏ ਸ਼ਖ਼ਸ ਦੀ ਉਮਰ 18 ਸਾਲ ਨਹੀਂ ਹੋਈ; ਜਾਂ ਬਿਨਾ ਮਰਜ਼ੀ ਵਾਲੀ ਗ਼ੁਲਾਮੀ, ਵਗਾਰ, ਕਰਜ਼ੇ ਕਰਕੇ ਗ਼ੁਲਾਮੀ ਜਾਂ ਗ਼ੁਲਾਮੀ ਲਈ ਤਾਬਿਆਦਾਰੀ ਦੇ ਉਦੇਸ਼ ਲਈ ਤਾਕਤ, ਧੋਖਾਧੜੀ ਜਾਂ ਜ਼ਬਰਦਸਤੀ ਕਰਦਿਆਂ, ਇਸ ਕੰਮ 'ਤੇ ਰੱਖਣ, ਪਨਾਹ ਦੇਣ, ਟ੍ਰਾਂਸਪੋਰਟੇਸ਼ਨ, ਪ੍ਰਬੰਧ ਜਾਂ ਕਿਰਤ ਜਾਂ ਸੇਵਾਵਾਂ ਲਈ ਲੋਕਾਂ ਨੂੰ ਰੱਖ ਰਹੇ ਹਨ, ਵਜੋਂ ਪਰਿਭਾਸ਼ਤ ਕੀਤਾ ਗਿਆ ਹੈ।" 8 C.F.R. § 214.11(a)।

ਮਿੰਨਤ ਕਰਨੀ।

8 U.S.C. 1101(a)(15)(U)(iii)।

U ਵੀਜ਼ੇ ਲਈ ਬਿਨੈਕਾਰਾਂ ਨੂੰ "ਸ਼ਰਤਾਂ ਪੂਰੀਆਂ ਕਰਨ ਲਈ ਮੁਜਰਮਾਨਾ ਸਰਗਰਮੀ ਦਾ ਪਤਾ ਲਾਉਣ, ਪੜਤਾਲ, ਮੁਕੱਦਮਾ, ਇਲਜ਼ਾਮ ਸਿੱਧ ਹੋਣ ਜਾਂ ਸਜ਼ਾ ਲਈ ਜ਼ਿੰਮੇਵਾਰ" ਏਜੰਸੀ ਵਲੋਂ ਪੂਰੇ ਭਰੇ ਗਏ ਅਤੇ ਪ੍ਰਮਾਣਿਤ ਪੂਰਕ B ਫ਼ਾਰਮ ਦੇ ਨਾਲ ਹੀ ਵਿਚਾਰ ਕਰਨ ਲਈ USCIS ਵਾਸਤੇ "ਗ਼ੈਰਪ੍ਰਵਾਸੀ ਦਰਜੇ ਲਈ ਪਟੀਸ਼ਨ" ਬਾਰੇ ਭਰਿਆ ਹੋਇਆ ਫ਼ਾਰਮ I-918 U ਜ਼ਰੂਰ ਸਬਮਿਟ ਕਰਾਉਣਾ ਚਾਹੀਦਾ ਹੈ। 8 C.F.R. § 214.14(c)(2)(i); 2 'ਤੇ I- 918, ਪੂਰਕ B ਲਈ ਹਿਦਾਇਤਾਂ ਵੇਖੋ। ਪੂਰਕ B ਭਰਦਿਆਂ, ਏਜੰਸੀ ਨੂੰ ਇਹ ਪੁਸ਼ਟੀ ਜ਼ਰੂਰ ਕਰਨੀ ਚਾਹੀਦੀ ਹੈ ਕਿ ਫ਼ਾਰਮ I-918 ਸਬਮਿਟ ਕਰਾਉਣ ਵਾਲਾ ਸ਼ਖ਼ਸ ਸ਼ਰਤਾਂ ਪੂਰੀਆਂ ਕਰਨ ਲਈ ਮੁਜਰਮਾਨਾ ਸਰਗਰਮੀ ਦਾ ਪੀੜਤ ਹੈ ਅਤੇ ਉਸ ਸਰਗਰਮੀ ਦੀ ਪੜਤਾਲ ਜਾਂ ਮੁਕੱਦਮੇ ਵਿੱਚ ਮਦਦਗਾਰ ਹੈ, ਹੋਇਆ ਹੈ ਜਾਂ ਉਸ ਵਲੋਂ ਭਵਿੱਖ ਵਿੱਚ ਮਦਦ ਕਰਨ ਦੀ ਸੰਭਾਵਨਾ ਹੈ। 8 C.F.R. § 214.14(c)(2) ਵੇਖੋ।

USCIS ਨੇ U ਵੀਜ਼ਾ ਸ਼ਰਤਾਂ ਪੂਰੀਆਂ ਕਰਨ ਲਈ ਮੁਜਰਮਾਂ ਦੀ ਇਸ ਸੂਚੀ ਦੀ ਵਿਆਪਕ ਤੌਰ 'ਤੇ ਵਿਆਖਿਆ ਕੀਤੀ ਹੈ ਅਤੇ ਸਬੰਧਿਤ ਰੈਗੂਲੇਟਰੀ ਦਸਤਾਵੇਜ਼ਾਂ ਵਿੱਚ ਦੱਸਿਆ ਗਿਆ "ਹੈ ਕਿ ਇਹ ਮੁਜਰਮਾਨਾ ਜੁਰਮਾਂ ਦੀਆਂ ਆਮ ਸ਼੍ਰੇਣੀਆਂ ਦੀ ਸੂਚੀ ਹੈ। ਇਹ ਇੱਕ ਯੂਨੀਵਰਸਲ ਸੂਚੀ ਵੀ ਹੈ। ਸੂਚੀ ਵਿੱਚ ਦਿੱਤੀਆਂ ਗਈਆਂ ਸਰਗਰਮੀਆਂ ਨਾਲ ਮੇਲ ਖਾਂਦੀ ਕੋਈ ਵੀ ਸਰਗਰਮੀ ਮੁਜਰਮਾਨਾ ਸਰਗਰਮੀ ਹੋ ਸਕਦੀ ਹੈ।" ਮੁਜਰਮਾਨਾ ਸਰਗਰਮੀ ਲਈ ਪੀੜਤਾਂ ਦਾ ਨਵਾਂ ਵਰਗੀਗਰਣ; "U" ਗ਼ੈਰਪ੍ਰਵਾਸੀ ਦਰਜੇ ਲਈ ਯੋਗਤਾ, ਅੰਤਰਿਮ ਅੰਤਮ ਨੇਮ, 72 F.R. 53014, 53018 (17 ਸਿਤੰਬਰ, 2007).

ਜੇ ਇਲਾਕਾਈ ਦਫ਼ਤਰ ਨੂੰ U ਵੀਜ਼ੇ ਬਾਰੇ ਅਰਜ਼ੀ ਦੀ ਪੁਸ਼ਟੀ ਕਰਨ ਲਈ ਪੂਰਕ B ਫ਼ਾਰਮ ਮੁਕੰਮਲ ਕਰਨ ਦੀ ਬੇਨਤੀ ਮਿਲਦੀ ਹੈ, ਤਾਂ ਇਲਾਕੇ ਨੂੰ ਆੱਪ੍ਰੇਸ਼ਨਸ-ਮੈਨੇਜਮੈਂਟ ਬਾਰੇ ਡਿਵੀਜ਼ਨ ਵਿੱਚ DAGC ਪੀਟਰ ਸੁੰਗ ਓਹਰ (Peter Sung Ohr) ਨਾਲ ਫ਼ੌਰਨ ਸੰਪਰਕ ਕਰਨਾ ਚਾਹੀਦਾ ਹੈ। ਸ਼ੁਰੂਆਤੀ ਤੌਰ 'ਤੇ, ਪੜਤਾਲ ਕਰਨ ਦੀ ਜ਼ਿੰਮੇਵਾਰੀ ਇਲਾਕਾਈ ਦਫ਼ਤਰ ਦੀ ਹੋਏਗੀ ਕਿ ਕੀ ਗ਼ੈਰਪ੍ਰਵਾਸੀ ਬਿਨੈਕਾਰ ਸ਼ਰਤਾਂ ਪੂਰੀਆਂ ਕਰਨ ਵਾਲੀ ਕਿਸੇ ਮੁਜਰਮਾਨਾ ਸਰਗਰਮੀ ਦਾ ਪੀੜਤ ਰਿਹਾ ਹੈ ਅਤੇ ਹੋ ਰਿਹਾ ਹੈ, ਹੋਇਆ ਹੈ ਜਾਂ ਉਸ ਵਲੋਂ ਭਵਿੱਖ ਵਿੱਚ ਮਦਦ ਕਰਨ ਦੀ ਸੰਭਾਵਨਾ ਹੈ। ਸ਼ਰਤਾਂ ਪੂਰੀਆਂ ਕਰਨ ਵਾਲੀ ਮੁਜਰਮਾਨਾ ਸਰਗਰਮੀ NLRB ਵਲੋਂ ਕੀਤੀ ਗਈ ਪੜਤਾਲ ਹੇਠ ULP ਵਿੱਚ ਕਥਿਤ ਤੌਰ 'ਤੇ ਅਣਉਚਿਤ ਕਿਰਤ ਵਿਹਾਰ ਨਾਲ ਜੁੜੀ ਹੋਣੀ ਚਾਹੀਦੀ ਹੈ।

ਇਲਾਕਾਈ ਪੜਤਾਲ ਦੇ ਕਿਸੇ ਵੀ ਸਿੱਟੇ 'ਤੇ ਪਹੁੰਚਣ ਤੋਂ ਬਾਅਦ, ਇਲਾਕੇ ਨੂੰ ਆੱਪ੍ਰੇਸ਼ਨਸ-ਮੈਨੇਜਮੈਂਟ ਬਾਰੇ ਡਿਵੀਜ਼ਨ ਨੂੰ ਇਹ ਦੱਸਦਿਆਂ ਲਿਖਤੀ ਸਿਫ਼ਾਰਸ਼ ਸਬਮਿਟ ਕਰਨੀ ਚਾਹੀਦੀ ਹੈ ਕਿ ਕੀ ULP ਇਲਜ਼ਾਮ U ਵੀਜ਼ਾ ਕਾਨੂੰਨ ਦੇ ਅਰਥਾਂ ਵਿੱਚ ਸ਼ਰਤਾਂ ਪੂਰੀਆਂ ਕਰਨ ਵਾਲੀ ਕਿਸੇ ਮੁਜਰਮਾਨਾ ਸਰਗਰਮੀ ਨਾਲ ਸਬੰਧਿਤ ਹੈ ਅਤੇ ਕੀ ਗ਼ੈਰਪ੍ਰਵਾਸੀ ਬਿਨੈਕਾਰ ਨੇ ਦਰਸਾਇਆ ਹੈ ਕਿ ਉਹ ਪੜਤਾਲ ਵਿੱਚ ਮਦਦਗਾਰ ਰਿਹਾ/ਰਹੀ ਹੈ ਅਤੇ ਹੋ ਰਿਹਾ/ਰਹੀ ਜਾਂ ਉਸ ਵਲੋਂ ਭਵਿੱਖ ਵਿੱਚ ਮਦਦ ਕਰਨ ਦੀ ਸੰਭਾਵਨਾ ਹੈ।

ਢੁਕਵੇਂ ਜੁਰਮਾਂ ਦੇ ਵਿਆਪਕ ਅਸਰ ਕਰਕੇ T ਵੀਜ਼ੇ ਦੀ ਥਾਂ U ਵੀਜ਼ਾ ਵੱਧ ਕੇਸਾਂ 'ਤੇ ਲਾਗੂ ਹੋਣਾ ਚਾਹੀਦਾ ਹੈ। ਇਸ ਸੂਚੀ ਵਿੱਚ ਬਹੁਤ ਸਾਰੇ ਅਜਿਹੇ ਜੁਰਮ ਸ਼ਾਮਿਲ ਹਨ, ਜੋ ਕੰਮ ਵਾਲੀ ਥਾਂ 'ਤੇ ਸਾਹਮਣੇ ਆ ਸਕਦੇ ਹਨ ਅਤੇ ਜਿਹਨਾਂ ਵਿਚਲੇ ਕੁਝ ਕੇਸਾਂ ਵਿੱਚ ਅਣਉਚਿਤ ਕਿਰਤ ਵਿਹਾਰ ਵੀ ਸ਼ਾਮਿਲ ਹੁੰਦੇ ਹਨ, ਜਿਸ ਵਿੱਚ "ਵਗਾਰ; ਬਿਨਾ ਮਰਜ਼ੀ ਵਾਲੀ ਗ਼ੁਲਾਮੀ; . . . ਗ਼ੈਰਕਾਨੂੰਨੀ ਮੁਜਰਮਾਨਾ ਮਨਾਹੀ; ਝੂਠੀ ਕੈਦ; ਬਲੈਕਮੇਲ; ਫ਼ਿਰੌਤੀ; . . . ਸੰਗੀਨ ਹਮਲਾ; ਗੁਆਹ 'ਤੇ ਅਸਰ ਪਾਉਣ, ਬਦਲਣ ਜਾਂ ਰੋਕਣ ਦੀ ਕੋਸ਼ਿਸ਼ ਕਰਨੀ; ਨਿਆ ਵਿੱਚ ਅੜਿੱਕਾ ਡਾਹੁਣਾ; ਝੂਠੀ ਸਹੁੰ; ਜਾਂ ਉਪਰ ਜ਼ਿਕਰ ਕੀਤੇ ਗਏ ਜੁਰਮਾਂ ਵਿੱਚੋਂ ਕੋਈ ਵੀ ਕੋਸ਼ਿਸ਼, ਸਾਜ਼ਿਸ਼ ਜਾਂ ਮਿੰਨਤ ਕਰਨੀ ਸ਼ਾਮਿਲ ਹੈ।"

(U ਵੀਜ਼ੇ ਰਾਹੀਂ ਦਿੱਤੇ ਜਾਂਦੇ ਉਪਾਅ ਮੂਲ ਰੂਪ ਵਿੱਚ T ਵੀਜ਼ੇ ਵਾਂਗ ਹੀ ਮਿਲਦੇ ਹਨ:), ਕੰਮ ਦਾ ਅਖ਼ਤਿਆਰਨਾਮਾ, ਪਰਿਵਾਰ ਦੇ ਮੈਂਬਰਾਂ ਦੇ ਵੀਜ਼ੇ ਅਤੇ ਕਾਨੂੰਨੀ ਤੌਰ 'ਤੇ ਪੱਕਾ ਵਸਨੀਕ ਬਣਨ ਦਾ ਰਾਹ ਵੀ ਸ਼ਾਮਿਲ ਹੈ। 8 C.F.R. § 214.14(g), (c)(6), (f), (g)(2), ਸਿਲਸਿਲੇਵਾਰ।

### 3. ਅਮਲ ਦੀ ਦੁਰਵਰਤੋਂ: ਇਮੀਗ੍ਰੇਸ਼ਨ ਦੇ ਦਰਜੇ ਦੀ ਵਰਤੋਂ ਕਰਨ 'ਤੇ ਬਦਲੇ ਦੀ ਕਾਰਵਾਈ

ਬੋਰਡ ਦੀ ਕਾਰਵਾਈ ਵਿੱਚ ਸ਼ਾਮਿਲ ਕਿਸੇ ਵਿਅਕਤੀ ਨੂੰ T ਜਾਂ U ਵੀਜ਼ਾ ਮਿਲ ਸਕਦਾ ਹੈ ਜਾਂ ਨਹੀਂ, ਲਈ ਇਲਾਕਿਆਂ ਨੂੰ ਅਜਿਹੇ ਕੇਸਾਂ ਵਿੱਚ ਅੱਪ੍ਰੇਸ਼ਨਸ-ਮੈਨੇਜਮੈਂਟ ਬਾਰੇ ਡਿਵੀਜ਼ਨ ਨਾਲ ਸੰਪਰਕ ਕਰਨਾ ਚਾਹੀਦਾ ਹੈ, ਜਿੱਥੇ ਨੌਕਰੀਦਾਤਾ NLRB ਦੇ ਅਮਲ ਦੀ ਦੁਰਵਰਤੋਂ ਅਤੇ ਕਾਨੂੰਨ ਨੂੰ ਅਸਰਦਾਰ ਤਰੀਕੇ ਨਾਲ ਨਾਕਾਮ ਕਰਨ ਦੀ ਕੋਸ਼ਿਸ਼ ਕਰਦਿਆਂ ਇਮੀਗ੍ਰੇਸ਼ਨ ਦੇ ਦਰਜੇ ਸਬੰਧੀ ਮੁੱਦਿਆ ਦਾ ਲਾਭ ਲੈ ਰਿਹਾ ਹੈ। ਇਸ ਕਿਸਮ ਦੇ ਵਿਹਾਰ ਦੀਆਂ ਉਦਾਹਰਣਾਂ ਵਿੱਚ, ਸੁਰੱਖਿਅਤ ਸੰਗਠਿਤ ਸਰਗਰਮੀਆਂ ਲਈ ਬਦਲੇ ਦੀ ਕਾਰਵਾਈ, ਨੁਮਾਇੰਦਗੀ ਜਾਂ ULP ਦੀਆਂ ਕਾਰਵਾਈਆਂ ਦੌਰਾਨ ਗ਼ੈਰਕਾਨੂੰਨੀ ਗੋਲੀਬਾਰੀ ਦਾ ਬਹਾਨਾ ਬਣਾਕੇ ਇਮੀਗ੍ਰੇਸ਼ਨ ਦੇ ਦਰਜੇ ਹਵਾਲਾ ਦਿੰਦਿਆਂ ਅਤੇ ਖ਼ਤਰਨਾਕ ਜਾਂ ਸੁਝਾਅ ਵਾਲੇ ਤਰੀਕੇ ਨਾਲ ਇਮੀਗ੍ਰੇਸ਼ਨ ਦੇ ਦਰਜੇ ਵਲ ਸੰਕੇਤ ਕਰਦਿਆਂ ICE ਨੂੰ ਬੁਲਾਉਣ ਲਈ ਕਾੱਲ ਕਰਨਾ ਜਾਂ ਧਮਕਾਉਣਾ ਸ਼ਾਮਿਲ ਹੈ।[7]

### 4. ਨੌਕਰੀਦਾਤਾ ਦੀ ਜਾਣਕਾਰੀ ਜਾਂ ਬਿਨਾ ਦਸਤਾਵੇਜ਼ ਵਾਲੇ ਲੋਕਾਂ ਦੇ ਦਰਜੇ ਨੂੰ ਜਾਣ-ਬੁਝਕੇ ਅੱਖੋਂ-ਪਰੋਖੇ ਕਰਨਾ

ਇਲਾਕਿਆਂ ਨੂੰ ਅਜਿਹੇ ਕੇਸਾਂ ਵਿੱਚ ਅੱਪ੍ਰੇਸ਼ਨਸ-ਮੈਨੇਜਮੈਂਟ ਬਾਰੇ ਡਿਵੀਜ਼ਨ ਨਾਲ ਵੀ ਸੰਪਰਕ ਕਰਨਾ ਚਾਹੀਦਾ ਹੈ, ਜਿੱਥੇ ਮੁਦਾਲਾ ਨੌਕਰੀਦਾਤਾ ਅਜਿਹੇ ਮੁਲਾਜ਼ਮ ਨੂੰ ਇਮੀਗ੍ਰੇਸ਼ਨ ਦੇ ਕੰਮ ਬਾਰੇ ਅਖ਼ਤਿਆਰਨਾਮੇ ਬਾਰੇ ਪਤਾ ਨਹੀਂ ਹੈ, ਬਾਰੇ ਜਾਣਦਿਆਂ ਹੋਇਆਂ ਜਾਂ ਜਾਣ-ਬੁੱਝਕੇ ਅੱਖੋਂ-ਪਰੋਖੇ ਕਰਕੇ ਕਿਸੇ ਮੁਲਾਜ਼ਮ ਵਿਰੁੱਧ ULP ਪੇਸ਼ ਕਰਦਾ ਹੈ। ਅਜਿਹੇ ਨੌਕਰੀਦਾਤਾ NLRA ਦੀ ਐਨਫ਼ੋਰਸਮੈਂਟ ਲਈ ਇੱਕ ਅਹਿਮ ਖ਼ਤਰੇ ਨੂੰ ਸੱਦਾ ਦਿੰਦੇ ਹਨ, ਕਿਉਂਕਿ ਉਹ ਮੁਲਾਜ਼ਮ ਦੀ ਇਸ ਹਾਲਤ ਦਾ ਜਾਣ-ਬੁੱਝਕੇ ਫ਼ਾਇਦਾ ਚੁੱਕਦੇ ਹਨ। ਅਜਿਹੇ ਬਹੁਤੇ ਮਾਮਲਿਆਂ ਵਿੱਚ, ਮੁਲਾਜ਼ਮਾਂ ਨੂੰ ਪਤਾ ਹੁੰਦਾ ਹੈ ਜਾਂ ਸ਼ੱਕ ਹੁੰਦਾ ਹੈ ਕਿ ਨੌਕਰੀਦਾਤਾ ਨੂੰ ਉਹਨਾਂ ਦੇ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਪਤਾ ਹੈ ਅਤੇ ਇਸ ਤਰ੍ਹਾਂ ਉਹ ਆਪਣੇ ਕਾਨੂੰਨੀ ਹੱਕਾਂ ਦੀ ਵਰਤੋਂ ਕਰਨ ਤੋਂ ਝਿਜਕਦੇ ਹਨ, ਭਾਵੇਂ ਇਮੀਗ੍ਰੇਸ਼ਨ ਦਾ ਕੋਈ ਪ੍ਰਤੱਖ ਖ਼ਤਰਾ ਨਾ ਵੀ ਹੋਵੇ।

ਇਹ ਗੱਲ ਦਰਸਾਉਣ ਵਾਲੇ ਅਜਿਹੇ ਸਬੂਤ ਕਿ ਨੌਕਰੀਦਾਤਾ ਨੂੰ ਵਰਕਰਾਂ ਦੇ ਦਰਜੇ ਬਾਰੇ ਪਤਾ ਸੀ ਜਾਂ ਜਾਣ-ਬੁੱਝਕੇ ਅੱਖੋਂ-ਪਰੋਖੇ ਕੀਤਾ ਹੋਇਆ ਸੀ, ਵਿੱਚ ਸ਼ਾਮਿਲ ਹਨ: I-9 ਦਸਤਾਵੇਜ਼ਾਂ ਮੰਗਣ ਵਿੱਚ ਨਾਕਾਮ ਰਹਿਣਾ,[8] ਧੋਖਾਧੜੀ ਵਾਲੇ I-9 ਦਸਤਾਵੇਜ਼ ਪ੍ਰਵਾਣ ਕਰਨ ਦੀ ਸਾਜ਼ਿਸ਼ ਅਤੇ ਤਨਖ਼ਾਹ ਦੇ ਬੇਨੇਮੇ ਪ੍ਰਬੰਧ। ਦਰਜੇ ਜਾਂ ਮੁਲਾਜ਼ਮਾਂ ਦੇ ਦਰਜੇ ਨੂੰ ਮੰਨਣ ਵਾਲੇ ਹੋਰਨਾਂ ਬਿਆਨਾਂ ਦੇ ਅਧਾਰ 'ਤੇ ਕਾਰਵਾਈ ਕਰਨ ਦੀਆਂ ਧਮਕੀਆਂ ਵੀ ਜਾਣਕਾਰ ਜਾਂ ਜਾਣ-ਬੁੱਝਕੇ ਅੱਖੋਂ-ਪਰੋਖੇ ਕਰਨ ਵਾਲੇ ਨੌਕਰੀਦਾਤਾ ਨੂੰ ਦਰਸਾਉਂਦੀਆਂ ਹਨ।[9]

### ਸਿੱਟਾ

ਹਾਲਾਂਕਿ ਇਲਾਕਿਆਂ ਨੂੰ ਅਜਿਹੇ ਕੇਸਾਂ ਵਿੱਚ *ਆਪਣੇ ਆਪ* ਇਮੀਗ੍ਰੇਸ਼ਨ ਦੇ ਦਰਜੇ ਸਬੰਧੀ ਮੁੱਦੇ ਨਹੀਂ ਚੁੱਕਣੇ ਚਾਹੀਦੇ, ਜਿੱਥੇ ਅਜਿਹੇ ਕੇਸ ਸਾਹਮਣੇ ਆਉਂਦੇ ਹਨ, ਤਾਂ NLRA ਲਾਗੂ ਕਰਨ ਵਿੱਚ NLRB ਦੀ ਮਦਦ ਕਰਨ ਲਈ ਇਮੀਗ੍ਰੇਸ਼ਨ ਏਜੰਸੀਆਂ ਉਪਾਅ ਦੇ ਸਕਦੀਆਂ ਹਨ ਜਾਂ ਮਿਹਰਬਾਨੀ ਕਰਕੇ ਅਖ਼ਤਿਆਰ ਦੀ ਵਰਤੋਂ ਕਰ ਸਕਦੀਆਂ ਹਨ। ਜਿੱਥੇ ਸਥਿਤੀਆਂ ਇਹਨਾਂ ਪ੍ਰਬੰਧਾਂ ਦੀ ਵਰਤੋਂ ਕਰਕੇ ਇਸ ਨੂੰ ਦਲੀਲਾਂ ਨਾਲ ਜਾਇਜ਼ ਠਹਿਰਾਉਂਦੀਆਂ ਹਨ, ਤਾਂ ਇਲਾਕਾਈ ਨੂੰ ਅੱਪ੍ਰੇਸ਼ਨਸ-ਮੈਨੇਜਮੈਂਟ ਬਾਰੇ ਡਿਵੀਜ਼ਨ ਵਿੱਚ DAGC ਪੀਟਰ ਸੁੰਗ ਓਹਰ (Peter Sung Ohr) ਨਾਲ ਸੰਪਰਕ ਕਰਨਾ ਚਾਹੀਦਾ ਹੈ।

/s/
R.A.S.

cc: NLRBU
ਆਮ ਲੋਕਾਂ ਲਈ ਜਾਰੀ

---

7 ਆਮ ਤੌਰ 'ਤੇ, ਨੌਕਰੀਦਾਤਾ ਪਿਛਲੀ ਤਨਖ਼ਾਹ ਅਤੇ ਮੁੜ-ਬਹਾਲੀ ਦੀ ਰਾਖੀ ਕਰਨ ਵਜੋਂ ULP ਦੀਆਂ ਨਿਪਟਾਰਾ ਕਰਨ ਵਾਲੀਆਂ ਕਾਰਵਾਈਆਂ ਦੌਰਾਨ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਮਾਮਲਾ ਚੁੱਕ ਸਕਦਾ ਹੈ। GC 02-06; ਹੌਫ਼ਮੈਨ ਪਲਾਸਟਿਕਸ ਕੰਪਾਉਂਡਸ, ਇੰਕ. ਬਨਾਮ NLRB, 535 U.S. 137 (2002) ਵੇਖੋ; NLRB ਬਨਾਮ ਡੌਮਸੇ ਟ੍ਰੇਡਿੰਗ ਕਾੱਰਪੋਰੇਸ਼ਨ।, __F.3d__, 10-3356, 2011 WL 563688 (2d Cir. 18 ਫ਼ਰਵਰੀ, 2011) ("[ਸਾ]ਨੂੰ ਪਤਾ ਚੱਲਿਆ ਹੈ ਕਿ ਨੌਕਰੀਦਾਤਾ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਪਿਛਲੀ ਤਨਖ਼ਾਹ ਵਾਲੇ ਬਿਨੈਕਾਰਾਂ ਨਾਲ ਜਿਰ੍ਹਾ ਕਰ ਸਕਦੇ ਹਨ ਅਤੇ ਇਸ ਲਈ ਹੌਫ਼ਮੈਨ ਅਨੁਸਾਰ ਇੱਕੋ ਜਿਹੇ ਪ੍ਰਮਾਣਕ ਨੇਮ ਬਣਾਉਣ ਦੀ ਗੱਲ ਬੋਰਡ 'ਤੇ ਛੱਡ ਦਿੱਤੀ ਜਾਏ।")।

8 ਯੂਨਾਈਟਿਡ ਸਟੇਟਸ ਵਿੱਚ ਵਰਕਰ ਦੀ ਪਛਾਣ ਅਤੇ ਕੰਮ ਦੀ ਯੋਗਤਾ ਤੈਅ ਕਰਨ ਲਈ ਪ੍ਰਵਾਣਯੋਗ ਦਸਤਾਵੇਜ਼।

9 ਅਜਿਹੀ ਜਾਣਕਾਰੀ ਲੈਣ ਦੀ ਕਾਰਵਾਈ GC 02-06 ਦੀਆਂ ਸੇਧਾਂ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ।